

## ਜੇ ਮੈਨੂੰ ਸ਼ਿਕਾਇਤ ਫਾਰਮ ਭਰਨ ਵਿੱਚ ਔਖਿਆਈ ਪੇਸ਼ ਆਵੇ, ਫਿਰ?

ਜੇ ਓਨਟੇਰੀਓ ਦੇ ਅਪਾਹਜਾਂ ਬਾਰੇ ਕਾਨੂੰਨ (ਏ.ਓ.ਡੀ.ਓ.) [Accessibility for Ontarians with Disabilities Act (AODA)] ਤਹਿਤ ਤੁਸੀਂ ਕੋਈ ਅਪਾਹਜ ਵਿਅਕਤੀ ਹੋ ਅਤੇ ਤੁਹਾਨੂੰ ਐੱਲ.ਈ.ਸੀ.ਏ. ("ਲੇਕਾ") ਦੀਆਂ ਸੇਵਾਵਾਂ ਹਾਸਲ ਕਰਨ ਵਿੱਚ ਮਦਦ ਚਾਹੀਦੀ ਹੈ ਤਾਂ ਮਿਹਰਬਾਨੀ ਕਰ ਕੇ ਸਾਡੇ ਦਫਤਰ ਨਾਲ ਸੰਪਰਕ ਕਰੋ।

ਲੇਕਾ ਨਾ ਤਾਂ ਪੁਲਿਸ ਦੀ ਅਤੇ ਨਾ ਹੀ ਆਮ ਜਨਤਾ ਦੀ ਵਕੀਲ ਹੈ। ਇਸ ਲਈ ਅਸੀਂ ਤੁਹਾਨੂੰ ਤੁਹਾਡੀ ਸ਼ਿਕਾਇਤ ਉੱਤੇ ਮਸ਼ਵਰਾ ਨਹੀਂ ਦੇ ਸਕਦੇ। ਅਨੇਕਾਂ ਨਾਗਰਿਕ ਅਦਾਰੇ ਅਤੇ ਕੁੱਝ ਕਾਨੂੰਨੀ ਕਲੀਨਿਕ ਤੁਹਾਡੀ ਸ਼ਿਕਾਇਤ ਬਾਰੇ ਮਸ਼ਵਰਾ ਦੇ ਸਕਦੇ ਹਨ। ਕਲੀਨਿਕਾਂ ਦੀ ਅਤੇ ਆਪਣੇ ਇਲਾਕੇ ਵਿਚਲੇ ਨਾਗਰਿਕ ਅਦਾਰਿਆਂ ਦੀ ਇੱਕ ਸੂਚੀ ਸਾਡੀ ਵੈੱਬਸਾਈਟ 'ਤੇ ਵੇਖੋ ਜੀ।

## ਜੇਕਰ ਅੰਗਰੇਜ਼ੀ ਜਾਂ ਫਰੈਂਚ ਮੇਰੀ ਪਹਿਲੀ ਭਾਸ਼ਾ ਨਹੀਂ ਹੈ ਤਾਂ ਕੀ ਹੋਵੇਗਾ?

ਲੇਕਾ ਦੀਆਂ ਸੇਵਾਵਾਂ ਅੰਗ੍ਰੇਜ਼ੀ ਅਤੇ ਫ੍ਰੈਂਚ ਵਿੱਚ ਹੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਪਰਚਾ ਅਰਬੀ, ਚੀਨੀ, ਕ੍ਰੀ, ਫਾਰਸੀ, ਓਜਿਬਵੇ, ਓਜੀ-ਕ੍ਰੀ, ਪੰਜਾਬੀ, ਸਪੇਨੀ, ਤਗਾਲਗ, ਤਮਿਲ ਅਤੇ ਉਰਦੂ ਵਿੱਚ ਵੀ ਮਿਲਦਾ ਹੈ।

ਜੇ ਸ਼ਿਕਾਇਤ ਦਰਜ ਕਰਾਉਣ ਲਈ ਜਾਂ ਲੇਕਾ ਨਾਲ ਪੱਤਰ-ਵਿਹਾਰ ਕਰਨ ਲਈ ਤੁਹਾਨੂੰ ਕਿਸੇ ਅਨੁਵਾਦਕ ਦੀ ਮਦਦ ਦੀ ਲੋੜ ਹੋਵੇ ਤਾਂ ਉਸ ਦਾ ਇੰਤਜ਼ਾਮ ਤੁਹਾਨੂੰ ਖੁਦ ਕਰਨਾ ਪਵੇਗਾ। ਅਨੁਵਾਦਕ ਸੇਵਾਵਾਂ ਦੀ ਇੱਕ ਸੂਚੀ ਲਈ ਸਾਡੀ ਵੈੱਬਸਾਈਟ ਵੇਖੋ।

## ।ਕੀ ਕੋਈ ਸਮਾਂ-ਸੀਮਾ ਹੈ ਕਿ ਅਸੀਂ ਆਪਣੀ ਸ਼ਿਕਾਇਤ ਕਦੋਂ ਦਰਜ ਕਰਾ ਸਕਦੇ ਹਾਂ?

ਜਿਸ ਵਾਕਿਆ ਬਾਰੇ ਸ਼ਿਕਾਇਤ ਹੋਵੇ, ਉਸ ਦੇ ਵਾਪਰਨ ਦੇ ਛੇ ਮਹੀਨੇ ਦੇ ਵਿੱਚ-ਵਿੱਚ ਸ਼ਿਕਾਇਤ ਦਰਜ ਹੋਣੀ ਚਾਹੀਦੀ ਹੈ। ਸ਼ਿਕਾਇਤ -ਕਰਤਾ ਦੇ ਨਾਬਾਲਗ ਹੋਣ, ਅਪਾਹਜ ਹੋਣ, ਵਾਕਿਆ ਦੇ ਨਤੀਜੇ ਵਜੋਂ ਫੌਜਦਾਰੀ ਕਾਰਵਾਈ ਚੱਲੇ ਹੋਣ, ਜਾਂ ਸ਼ਿਕਾਇਤ ਦੇ ਨਿਪਟਾਰੇ ਦਾ ਜਨਤਕ-ਹਿਤ ਨਾਲ ਵਾਸਤਾ ਹੋਣ ਦੀ ਸੂਰਤ ਵਿੱਚ ਡਾਇਰੈਕਟਰ ਸਮਾਂ-ਸੀਮਾ ਵਧਾ ਵੀ ਸਕਦਾ ਹੈ।

## ਕੀ ਸ਼ਿਕਾਇਤ ਦਾਇਰ ਕਰਨ ਲਈ ਮੈਨੂੰ ਕਿਸੇ ਵਕੀਲ ਦੀ ਲੋੜ

ਜਾਂ ਨਹੀਂ, ਸ਼ਿਕਾਇਤ ਦਰਜ ਕਰਾਉਣ ਲਈ ਤੁਹਾਨੂੰ ਕਿਸੇ ਵਕੀਲ ਜਾਂ ਕਿਸੇ ਵੀ ਕਿਸਮ ਦੇ ਕਿਸੇ ਹੋਰ ਪ੍ਰਤੀਨਿਧੀ ਦੀ ਲੋੜ ਨਹੀਂ ਹੈ ਪਰ ਤੁਸੀਂ ਕਿਸੇ ਨੂੰ ਮਦਦ ਲਈ ਜ਼ਰੂਰ ਆਖ ਸਕਦੇ ਹੋ।

## ਕੀ ਅਸੀਂ ਅਗਿਆਤ ਰਹਿ ਕੇ ਸ਼ਿਕਾਇਤ ਦਰਜ ਕਰਾ ਸਕਦੇ ਹਾਂ?

ਜੀ ਨਹੀਂ, ਅਗਿਆਤ ਸ਼ਿਕਾਇਤਾਂ ਮਨਜ਼ੂਰ ਨਹੀਂ ਕੀਤੀਆਂ ਜਾਂਦੀਆਂ। ਨਿਆਂਕਾਰੀ ਅਤੇ ਪਾਰਦਰਸ਼ੀ ਕਾਰਵਾਈ ਲਈ ਸ਼ਿਕਾਇਤ-ਕਰਤਾਵਾਂ ਵਾਸਤੇ ਆਪਣੀ ਪਛਾਣ ਦੱਸਣਾ ਅਤੇ ਸ਼ਿਕਾਇਤ ਦਾਇਰ ਕਰਾਉਣ ਲੱਗਿਆਂ ਲੇਕਾ ਫਾਰਮ ਉੱਪਰ ਦਸਤਖਤ ਕਰਨਾ ਲਾਜ਼ਮੀ ਹੈ।

# ਕਾਨੂੰਨ ਲਾਗੂ ਕਰਨ ਵਾਲਿਆਂ ਦੀ ਸ਼ਿਕਾਇਤ ਬਾਰੇ ਅਦਾਰਾ (ਲੇਕਾ)

Ontario

## ਸਾਡੇ ਨਾਲ ਗੱਲ ਕਰੋ





## ਕਾਨੂੰਨ ਲਾਗੂ ਕਰਨ ਵਾਲਿਆਂ ਦੀ ਸ਼ਿਕਾਇਤ ਬਾਰੇ ਅਦਾਰਾ (ਲੇਕਾ)

ਕਾਨੂੰਨ ਲਾਗੂ ਕਰਨ ਵਾਲਿਆਂ ਦੀ ਸ਼ਿਕਾਇਤ ਕਰਨ ਬਾਰੇ ਅਦਾਰਾ (ਲੇਕਾ) [The Law Enforcement Complaints Agency (LECA)] ਓਨਟੇਰੀਓ ਦੇ ਕਾਨੂੰਨ ਮਹਿਕਮੇ (Ministry of the Attorney General) ਦਾ ਇੱਕ ਸੁਤੰਤਰ ਅਦਾਰਾ ਹੈ ਜਿਸ ਵਿੱਚ ਪੂਰਨ ਤੌਰ 'ਤੇ ਸਿਵਲੀਅਨ ਭਰਤੀ ਕੀਤੇ ਜਾਂਦੇ ਹਨ। ਇਸ ਦਾ ਅਰਥ ਹੈ ਕਿ ਸਾਡੇ ਫੈਸਲੇ ਸਰਕਾਰ, ਪੁਲਿਸ ਅਤੇ ਭਾਈਚਾਰੇ ਤੋਂ ਸੁਤੰਤਰ ਹੁੰਦੇ ਹਨ।

ਓਨਟੇਰੀਓ ਦੀ ਪੁਲਿਸ, ਨਿਆਗਰਾ ਪਾਰਕਸ ਦੇ ਸਪੈਸ਼ਲ ਕਾਂਸਟੇਬਲਾਂ ਅਤੇ ਵਿਧਾਨ ਸਭਾ ਸੇਵਾ ਦੇ ਅਮਨ ਕਾਇਮ ਰੱਖਣ ਵਾਲੇ ਅਫਸਰਾਂ ਖਿਲਾਫ ਜਨਤਾ ਦੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਸ਼ਿਕਾਇਤਾਂ ਪ੍ਰਾਪਤ ਕਰਨ, ਉਨ੍ਹਾਂ ਉੱਤੇ ਕਾਰਵਾਈ ਕਰਨ ਅਤੇ ਇਨ੍ਹਾਂ ਦੀ ਨਿਗਰਾਨੀ ਲਈ ਲੇਕਾ ਇੱਕ ਨਿਰਪੱਖ ਅਦਾਰਾ ਹੈ। ਕਈ ਮਾਮਲਿਆਂ ਵਿੱਚ ਤਾਂ ਜਨਤਕ ਸ਼ਿਕਾਇਤ ਦੀ ਅਣਹੋਂਦ ਵਿੱਚ ਵੀ ਲੇਕਾ ਬਦਸਲੂਕੀ ਦੀ ਤਫਤੀਸ਼ ਕਰ ਸਕਦਾ ਹੈ।

ਸਮੁੱਚਾ ਮਕਸਦ ਨਿਗਰਾਨੀ ਦੀ ਇੱਕ ਨਿਆਂਕਾਰੀ, ਆਜ਼ਾਦ, ਪਾਰਦਰਸ਼ੀ, ਗੋਚਰੀ ਅਤੇ ਅਸਰਦਾਰ ਪ੍ਰਣਾਲੀ ਬਣਾਉਣਾ ਹੈ ਜਿਸ ਨਾਲ ਜਨਤਕ ਸ਼ਿਕਾਇਤਾਂ ਵਿੱਚ ਅਤੇ, ਨਤੀਜੇ ਵਜੋਂ, ਓਨਟਰੀਓ ਵਿੱਚ ਪੁਲਿਸ ਦੇ ਕਾਰਜਾਂ ਵਿੱਚ ਵਿਸ਼ਵਾਸ ਜਾਗੇ।

ਲੇਕਾ ਫੌਜਦਾਰੀ ਇਲਜ਼ਾਮ ਨਾ ਆਇਦ ਕਰ ਸਕਦਾ ਹੈ ਅਤੇ ਨਾ ਇਨ੍ਹਾਂ ਦੀ ਤਫਤੀਸ਼ ਕਰ ਸਕਦਾ ਹੈ।

## ਮੈਂ ਸ਼ਿਕਾਇਤ ਕਿਵੇਂ ਦਾਇਰ ਕਰਾਵਾਂ?

ਸ਼ਹਿਰੀ, ਰੀਜਨਲ ਅਤੇ ਸੂਬਾਈ (ਓ.ਪੀ.ਪੀ.) ਪੁਲਿਸ ਅਫਸਰਾਂ, ਨਿਆਗਰਾ ਪਾਰਕਸ ਕਮਿਸ਼ਨ ਦੇ, ਵਿਧਾਨਕ ਹਿਫਾਜ਼ਤੀ ਸੇਵਾਵਾਂ ਦੇ ਅਫਸਰਾਂ ਸਮੇਤ ਤੁਸੀਂ ਓਨਟੇਰੀਓ ਵਿਚਲੇ ਹਲਫ਼-ਲੈ ਕੇ ਪੁਲਿਸ ਅਫਸਰਾਂ ਵਜੋਂ ਕਾਰਜ ਕਰਨ ਵਾਲਿਆਂ ਖਿਲਾਫ ਹੀ ਲੇਕਾ ਕੋਲ ਸ਼ਿਕਾਇਤਾਂ ਦਾਇਰ ਕਰ ਸਕਦੇ ਹੋ। ਲੇਕਾ ਕੋਲ ਆਰ.ਸੀ.ਐੱਮ.ਪੀ., ਟੀ.ਟੀ.ਸੀ. ਦੇ ਸਪੈਸ਼ਲ ਕਾਂਸਟੇਬਲਾਂ, ਗੋ ਟਰਾਂਜ਼ਿਟ ਪੁਲਿਸ, ਅਦਾਲਤੀ ਅਫਸਰਾਂ, ਜੇਲਾਂ ਦੇ ਅਫਸਰਾਂ, ਵਿੱਦਿਅਕ ਅਦਾਰਿਆਂ ਦੀ ਪੁਲਿਸ, ਸੂਬਾਈ ਜ਼ੁਰਮਾਂ ਨੂੰ ਲਾਗੂ ਕਰਨ ਵਾਲੇ ਅਫਸਰਾਂ ਜਾਂ ਸਪੈਸ਼ਲ ਕਾਂਸਟੇਬਲਾਂ ਉੱਪਰ ਅਖਤਿਆਰ ਨਹੀਂ ਹੈ।

ਲੇਕਾ ਕੋਲ ਆਪਣੀ ਸ਼ਿਕਾਇਤ ਦਾਇਰ ਕਰਨ ਦਾ ਸਭ ਤੋਂ ਵਧੀਆ ਅਤੇ ਤੇਜ਼-ਰਫਤਾਰ ਤਰੀਕਾ ਸਾਡੀ ਵੈੱਬਸਾਈਟ www.leca.ca ਉੱਪਰ ਇਲੈਕਟ੍ਰਾਨਿਕ ਸ਼ਿਕਾਇਤ ਫਾਰਮ ਭਰਨਾ ਹੈ। ਜੇ ਤੁਹਾਡੇ ਕੋਲੇ ਕੰਪਿਊਟਰ ਨਾ ਹੋਵੇ ਤਾਂ ਤੁਸੀਂ ਆਪਣੀ ਸ਼ਿਕਾਇਤ ਸਾਨੂੰ ਡਾਕ ਰਾਹੀਂ ਜਾਂ ਫੈਕਸ ਰਾਹੀਂ ਵੀ ਭੇਜ ਸਕਦੇ ਹੋ।

ਸ਼ਿਕਾਇਤ ਦਾਇਰ ਕਰਨ ਬਾਰੇ ਵੇਰੇਵੇਦਾਰ ਜਾਣਕਾਰੀ ਲਈ ਮਿਹਰਬਾਨੀ ਕਰ ਕੇ ਸਾਡੀ ਵੈੱਬਸਾਈਟ ਵੇਖੋ।

ਲੇਕਾ ਬਾਰੇ ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰ ਕੇ ਸਾਡੀ ਵੈੱਬਸਾਈਟ www.leca.ca ਵੇਖੋ।

## ਕਾਨੂੰਨ ਲਾਗੂ ਕਰਨ ਵਾਲਿਆਂ ਦੀਆਂ ਸ਼ਿਕਾਇਤਾਂ ਬਾਰੇ ਅਦਾਰਾ (LECA) ਸੰਪਰਕ ਜਾਣਕਾਰੀ

ਸਾਡੇ ਨਾਲ ਡਾਕ ਰਾਹੀਂ ਸੰਪਰਕ ਕਰਨ ਲਈ ਜਾਂ ਸਾਡੇ ਦਫਤਰ ਆਉਣ ਲਈ:

Law Enforcement Complaints Agency
655 Bay Street, 10th Floor.
Toronto, Ontario
M7A 2T4

ਤੁਸੀਂ ਲੇਕਾਂ ਨਾਲ ਹੇਠ ਲਿਖੇ ਤਰੀਕਿਆਂ ਰਾਹੀਂ ਵੀ ਸੰਪਰਕ ਕਰ ਸਕਦੇ ਹੋ:

**ਟੌਲ-ਫ੍ਰੀ ਫੋਨ**: 1-877-411-4773
**ਸਥਾਨਕ ਫੋਨ**: 416-246-7071
**ਟੀਟੀਵਾਈ**: 1-877-414-4773
**ਟੋਲ-ਫ੍ਰੀ ਫੈਕਸ**: 1-877-415-4773
**ਸਥਾਨਕ ਫੈਕਸ**: 416-327-8332

**LECA@ontario.ca**

**LECA_APFO**

**www.leca.ca**

SCAN HERE